**Class- VIII** **Mathematics** **NAS Model Test Paper**

ਨੋਟ:-ਸਾਰੇ ਪ੍ਰਸ਼ਨ ਜਰੂਰੀ ਹਨ ਅਤੇ ਹਰੇਕ ਪ੍ਰਸ਼ਨ ਦੇ ਚਾਰ ਉੱਤਰ ਹਨ। ਜਿਨ੍ਹਾਂ ਵਿੱਚੋਂ ਇੱਕ ਉੱਤਰ ਠੀਕ ਹੈ, ਠੀਕ ਉੱਤਰ ਨੂੰ ਸਹੀ ਲਗਾਓ।

**1.** ਹੇਠ ਲਿਖਿਆਂ ਵਿੱਚੋਂ ਕਿਹੜਾ ਸਮੇਂ ਦਾ ਮੁੱਲ ਇੱਕ ਦਿਨ ਦੇ ਬਰਾਬਰ ਹੈ?

(1) 12x12 ਘੰਟੇ
(2) 24x60 ਮਿੰਟ
(3) 24x12x60 ਸੈਕੰਡ
(4) $\frac{1}{360}$ ਸਾਲ

**2.** (a+b) ਨੂੰ (a-b) ਵਿੱਚੋਂ ਘਟਾਓ ਅਤੇ ਹੇਠ ਲਿਖਿਆਂ ਵਿੱਚੋਂ ਸਹੀ ਉਤਰ ਦੀ ਚੋਣ ਕਰੋ:-

(1) a+b-a-b
(2) 0
(3) -2b
(4) 2a

**3.** ABCD ਇੱਕ ਚਤੁਰਭੁਜ ਹੈ। ਇੱਕ ਹੋਰ ਚਤੁਰਭੁਜ PQRS ਜੋ ਕਿ ਚਤੁਰਭੁਜ ABCD ਦੇ ਸਰਬੰਗਸਮ ਹੈ, ਵਿੱਚ $\angle P = \angle S = 80°$ ਹੈ। ਹੇਠਾਂ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

(1) PQ=AB
(2) $\angle Q$ ਸਮਕੋਣ ਹੈ।
(3) ਚਤੁਰਭੁਜ PQRS ਦੀਆ ਸਾਰੀਆਂ ਭੁਜਾਵਾਂ ਦੀ ਲੰਬਾਈ ਸਮਾਨ ਹੈ।
(4) ਚਤੁਰਭੁਜ PQRS ਦਾ ਖੇਤਰਫਲ, ਚਤੁਰਭੁਜ ABCD ਦੇ ਖੇਤਰਫਲ ਨਾਲੋਂ ਘੱਟ ਹੈ।




**4.** ਇੱਕ ਵਿਦਿਆਰਥੀ ਦੇ ਪਹਿਲੇ ਅਤੇ ਦੂਜੇ ਸਮੈਸਟਰ ਦੀ ਕਾਰਗੁਜਾਰੀ ਦਿੱਤੀ ਹੋਈ ਹੈ,

| ਵਿਸ਼ਾ | ਅੰਗ੍ਰੇਜੀ | ਹਿੰਦੀ | ਗਣਿਤ | ਵਿਗਿਆਨ | ਸਮਾਜਿਕ ਵਿਗਿਆਨ |
|---|---|---|---|---|---|
| ਪਹਿਲਾ ਸਮੈਸਟਰ (ਵੱਧ ਤੋਂ ਵੱਧ 100 ਅੰਕ) | 67 | 72 | 88 | 81 | 73 |
| ਦੂਜਾ ਸਮੈਸਟਰ (ਵੱਧ ਤੋਂ ਵੱਧ 100 ਅੰਕ) | 70 | 65 | 95 | 85 | 75 |

ਹੇਠ ਲਿਖਿਆ ਵਿੱਚੋਂ, ਦੋਵੇਂ ਸਮੈਸਟਰਾਂ ਦੇ ਔਸਤ ਲਈ ਸਹੀ ਉੱਤਰ ਕਿਹੜਾ ਹੈ?

(1) ਪਹਿਲੇ ਸਮੈਸਟਰ ਦਾ ਔਸਤ ਨਤੀਜਾ, ਦੂਜੇ ਸਮੈਸਟਰ ਨਾਲੋਂ ਵੱਧ ਹੈ।
(2) ਪਹਿਲੇ ਸਮੈਸਟਰ ਦਾ ਔਸਤ ਨਤੀਜਾ, ਦੂਜੇ ਸਮੈਸਟਰ ਨਾਲੋਂ ਘੱਟ ਹੈ।
(3) ਪਹਿਲੇ ਸਮੈਸਟਰ ਦਾ ਔਸਤ ਨਤੀਜਾ, ਦੂਜੇ ਸਮੈਸਟਰ ਦੇ ਔਸਤ ਨਤੀਜੇ ਦੇ ਬਰਾਬਰ ਹੈ।
(4) ਪਹਿਲੇ ਸਮੈਸਟਰ ਦੇ ਔਸਤ ਨਤੀਜੇ ਦੀ ਦੂਜੇ ਸਮੈਸਟਰ ਦੇ ਔਸਤ ਨਤੀਜੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਹੈ।

5. ਕਿਸੇ ਸ਼ਹਿਰ ਦੇ ਜਵਾਨ ਵਿਅਕਤੀਆਂ ਦੇ ਇੱਕ ਗੁੱਟ ਦਾ ਇਹ ਜਾਨਣ ਲਈ ਸਰਵੇ ਕੀਤਾ ਗਿਆ ਕਿ ਉਹ ਕਿਸ ਪ੍ਰਕਾਰ ਦਾ ਸੰਗੀਤ ਪਸੰਦ ਕਰਦੇ ਹਨ। ਇਸ ਤੋਂ ਪ੍ਰਾਪਤ ਅੰਕੜਿਆਂ ਨੂੰ ਹੇਠ ਦਿੱਤੇ ਪਾਈ ਚਾਰਟ ਨਾਲ ਦਰਸਾਇਆ ਗਿਆ ਹੈ।




ਹੇਠਾਂ ਦਿੱਤਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

(1) ਜੇ 20 ਵਿਅਕਤੀ ਸ਼ਾਸਤਰੀ ਸੰਗੀਤ ਪਸੰਦ ਕਰਦੇ ਹਨ ਤਾਂ ਕੁੱਲ 100 ਜਵਾਨ ਵਿਅਕਤੀਆਂ ਦਾ ਸਰਵੇ ਕੀਤਾ ਗਿਆ।

(2) ਮੰਨੋਰੰਜਨ ਸੰਗੀਤ ਸਭ ਤੋਂ ਘੱਟ ਪਸੰਦ ਕੀਤਾ ਗਿਆ।

(3) ਜੇ ਕੋਈ ਕੈਸਟ ਕੰਪਨੀ 1000 CDs (ਸੀ.ਡੀਜ਼ੀ.) ਬਣਾਏ, ਤਾਂ ਉਹ ਸ਼ਾਸਤਰੀ ਸੰਗੀਤ ਦੀਆਂ 100, ਉਪ-ਸ਼ਾਸਤਰੀ ਸੰਗੀਤ ਦੀਆਂ 200, ਮੰਨੋਰੰਜਨ ਸੰਗੀਤ ਦੀਆਂ 400 ਅਤੇ ਲੋਕ ਸੰਗੀਤ ਦੀਆਂ 300 ਕੈਸਟਾਂ ਬਣਾਏਗੀ।

(4) ਲੋਕ ਸੰਗੀਤ ਪਸੰਦ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਸ਼ਾਸਤਰੀ ਸੰਗੀਤ ਅਤੇ ਉਪ-ਸ਼ਾਸਤਰੀ ਸੰਗੀਤ ਪੰਸਦ ਕਰਨ ਵਾਲਿਆਂ ਦੇ ਜੋੜ ਤੋਂ ਵੱਧ ਹੈ।

6. ਹੇਠਾਂ ਦਿੱਤਿਆਂ ਵਿੱਚੋਂ ਕਿਹੜੀਆਂ ਦਸ਼ਮਲਵ ਸੰਖਿਆਵਾਂ ਘੱਟਦੇ ਕ੍ਰਮ ਵਿੱਚ ਹਨ ?

(1) 0.434, 0.48, 0.344, 0.349

(2) 0.494, 0.49, 0.41, 0.4

(3) 0.345, 0.33, 0.3, 0.434

(4) 0.4, 0.31, 0.410, 0.444

7. $\frac{2}{5}\times\frac{-3}{7}-\frac{1}{14}-\frac{3}{7}\times\frac{3}{5}=$ ?

(1) $\frac{1}{2}$

(2) $\frac{2}{7}$

(3) $\frac{-1}{2}$

(4) $\frac{-2}{7}$

8. ਇੱਕ 36 ਸਮ ਪਤਲੀ ਲੰਬੀ ਤਾਰ ਨੂੰ ਮੋੜ ਕੇ ਵਰਗ ਬਣਾਇਆ ਗਿਆ ਹੈ । ਬਣੇ ਵਰਗ ਦੀ ਭੁਜਾ ਕਿੰਨੀ ਹੋਵੇਗੀ?

(1) 6 ਸਮ

(2) 9ਸਮ

(3) 12ਸਮ

(4) 18 ਸਮ

9. ਸਾਡੇ ਸ਼ਹਿਰ ਵਿੱਚ ਨਵਾਂ ਫਲਾਈ ਓਵਰ ਬਣਨ ਕਾਰਣ, ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾਣ ਵਾਲੀ ਬਸ ਦੁਆਰਾ ਲਗਾਏ ਜਾਣ ਵਾਲਾ ਸਮਾਂ 50 ਮਿੰਟ ਤੋਂ ਘੱਟ ਕੇ 40 ਮਿੰਟ ਹੋ ਗਿਆ ਹੈ। ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ ਤੱਕ ਬਸ ਦੁਆਰਾ ਲਗਾਏ ਜਾਣ ਵਾਲੇ ਸਮੇਂ ਵਿੱਚ ਕਿੰਨੇ ਪ੍ਰਤੀਸ਼ਤ ਸਮਾਂ ਘੱਟ ਲੱਗੇਗਾ?

(1) 10%
(2) 20%
(3) 45%
(4) 50%

10. ਇੱਕ ਇਸ ਤਰ੍ਹਾਂ ਦੇ ਘਣ ਦੀ ਭੁਜਾ ਪਤਾ ਕਰੋ ਜਿਸਦੀ ਕੁੱਲ ਸਤ੍ਹਾ ਦਾ ਖੇਤਰਫਲ **600** ਸਮ$^2$ ਹੈ । ਸਹੀ ਉੱਤਰ 'ਤੇ ਨਿਸ਼ਾਨ ਲਗਾਓ।

(1) 10 ਸਮ
(2) 60 ਸਮ
(3) 100 ਸਮ
(4) 36 ਸਮ

11. ਹੇਠ ਦਿੱਤੇ ਚਿੱਤਰ ਵਿੱਚ ਛੋਟੇ ਬਲਾਕਾਂ  ਨੂੰ ਜੋੜ ਕੇ ਵੱਡੇ ਬਲਾਕ ਤਿਆਰ ਕੀਤੇ ਗਏ ਹਨ। ਜੇਕਰ ਸਾਰੇ ਛੋਟੇ ਬਲਾਕਾਂ ਦਾ ਮਾਪ ਇਕੋ ਜਿਹਾ ਹੋਵੇ( ਜਾਂ ਸਾਰੇ ਬਲਾਕ ਇੱਕੋ ਮਾਪ ਦੇ ਹੋਣ) ਤਾਂ ਹੇਠਾਂ ਦਿੱਤੇ ਵੱਡੇ ਬਲਾਕਾਂ ਵਿੱਚੋਂ ਕਿਹੜੇ ਵੱਡੇ ਬਲਾਕ ਦਾ ਆਇਤਨ, ਦੂਸਰਿਆਂ ਨਾਲੋਂ ਵੱਖਰਾ ਹੋਵੇਗਾ।




12. ਨੀਲਮ ਦੇ ਪਿਤਾ ਜੀ ਦੀ ਉਮਰ, ਨੀਲਮ ਦੀ ਉਮਰ ਦੇ ਤਿੰਨ ਗੁਣਾ ਤੋਂ 5 ਸਾਲ ਜਿਆਦਾ ਹੈ। ਜੇਕਰ ਨੀਲਮ ਦੀ ਉਮਰ x ਸਾਲ ਹੋਵੇ ਤਾਂ ਉਸਦੇ ਪਿਤਾ ਦੀ ਉਮਰ ਨੂੰ ਕਿਸ ਤਰ੍ਹਾਂ ਵਿਅੰਜਕ ਰਾਹੀਂ ਦਰਸਾਇਆ ਜਾ ਸਕਦਾ ਹੈ ?

(1) $3x+5$
(2) $(x-5)/3$
(3) $3(x+5)$
(4) $\frac{x}{3}-5$

13. ਕਿਸੇ ਸਕੂਲ ਦੀ ਇੱਕ ਵਿਸ਼ੇਸ਼ ਜਮਾਤ ਦੇ ਹੇਠ ਲਿਖੇ ਛੜ ਗ੍ਰਾਫ਼ ਨੂੰ ਪੜੋ ਅਤੇ ਦੱਸੋ ਕਿ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?




ਪੈਮਾਨਾ:

1 ਇਕਾਈ ਲੰਬਾਈ=10 ਵਿਦਿਆਰਥੀ

(1) ਸਾਲ 2002 ਵਿੱਚ ਵਿਦਿਆਰਥੀਆਂ ਦੀ ਸੰਖਿਆ ਸਾਲ 2000 ਦੇ ਵਿਦਿਆਰਥੀਆਂ ਦੀ ਸੰਖਿਆ ਤੋਂ ਦੁੱਗਣੀ ਹੈ।
(2) ਸਾਲ 2002 ਵਿੱਚ ਵਿਦਿਆਰਥੀਆਂ ਦੀ ਸੰਖਿਆ ਸਾਲ 2001 ਦੇ ਵਿਦਿਆਰਥੀਆਂ ਦੀ ਸੰਖਿਆ ਤੋਂ ਦੁੱਗਣੀ ਹੈ।
(3) ਸਾਲ 2003 ਵਿੱਚ ਵਿਦਿਆਰਥੀਆਂ ਦੀ ਸੰਖਿਆ ਸਾਲ 2001 ਦੇ ਵਿਦਿਆਰਥੀਆਂ ਦੀ ਸੰਖਿਆ ਤੋਂ ਦੁੱਗਣੀ ਹੈ।
(4) ਸਾਲ 2003 ਵਿੱਚ ਵਿਦਿਆਰਥੀਆਂ ਦੀ ਸੰਖਿਆ ਸਾਲ 2000 ਦੇ ਵਿਦਿਆਰਥੀਆਂ ਦੀ ਸੰਖਿਆ ਤੋਂ ਦੁੱਗਣੀ ਹੈ।

14. ਹੇਠਾਂ ਦਿੱਤੀ ਸੰਖਿਆ ਰੇਖਾ ਨੂੰ ਵੇਖੋ:




ਹੇਠਾਂ ਦਿੱਤਿਆ ਵਿੱਚੋਂ ਕਿਸ ਦਾ ਮੁੱਲ ਸਭ ਤੋਂ ਜਿਆਦਾ ਹੋਵੇਗਾ?

(1) a+b
(2) b-a
(3) ab
(4) a/b

15. $5^{200}$ ਦਾ ਮੁੱਲ ਹੇਠ ਲਿਖਿਆਂ ਵਿੱਚੋਂ ਕਿਸ ਦੇ ਬਰਾਬਰ ਹੈ?
(1) $5^{100} + 5^{100}$
(2) $2^{100} + 3^{100}$
(3) $5^{100} \times 5^{100}$
(4) $5^{100} \times 5^{2}$